## ਆਪਣੇ ਕਾਨੂੰਨੀ ਖਰਚੇ ਘਟਾਉਣ ਦੇ ਤਰੀਕੇ

- ਆਪਣੇ ਵਕੀਲ ਨਾਲ ਹਰ ਮੀਟਿੰਗ ਲਈ ਤਿਆਰੀ ਕਰੋ। ਇਹ ਗੱਲ ਪੱਕੀ ਕਰੋ ਕਿ ਤੁਹਾਡੇ ਕੋਲ ਸਾਰੇ ਪੇਪਰ ਢੰਗ ਸਿਰ ਹਨ ਅਤੇ ਤੁਸੀਂ ਆਪਣੇ ਵਕੀਲ ਵਲੋਂ ਭੇਜੇ ਗਏ ਕਿਸੇ ਵੀ ਪੇਪਰ ਨੂੰ ਚੰਗੀ ਤਰ੍ਹਾਂ ਵਿਚਾਰ ਲਿਆ ਹੈ।

- ਆਪਣੇ ਵਕੀਲ ਨਾਲ ਆਪਣੀ ਗੱਲਬਾਤ ਨੂੰ ਸੰਖੇਪ ਅਤੇ ਇਕਾਗਰ ਰੱਖੋ। ਜਿਨ੍ਹਾਂ ਮਸਲਿਆਂ ਦਾ ਤੁਹਾਡੇ ਕਾਨੂੰਨੀ ਮਸਲੇ ਨਾਲ ਸਬੰਧ ਨਹੀਂ ਹੈ, ਉਨ੍ਹਾਂ ਨੂੰ ਵਿਚਾਰਨ ਉੱਤੇ ਸਮਾਂ ਨਾ ਲਾਉ।

- ਆਪਣੀ ਸਾਰੀ ਕਹਾਣੀ ਦੱਸੋ, ਭਾਵੇਂ ਇਹ ਨੁਕਸਾਨ ਪਹੁੰਚਾਉਣ ਵਾਲੀ ਜਾਂ ਸ਼ਰਮਨਾਕ ਹੀ ਕਿਉਂ ਨਾ ਹੋਵੇ — ਤੁਹਾਡੇ ਵਕੀਲ ਨੂੰ ਸਾਰੇ ਪਹਿਲੂ ਵਿਚਾਰਨ ਦੀ ਲੋੜ ਹੈ। ਤੁਸੀਂ ਜਿਹੜੀ ਵੀ ਚੀਜ਼ ਵਕੀਲ ਨੂੰ ਦੱਸਦੇ ਹੋ ਉਹ ਗੁਪਤ ਰਹਿਣੀ ਹੈ ਅਤੇ ਤੁਹਾਡਾ ਵਕੀਲ ਤੁਹਾਡੀ ਸਹਿਮਤੀ ਤੋਂ ਬਿਨਾਂ ਇਹ ਜਾਣਕਾਰੀ ਕਿਸੇ ਨੂੰ ਵੀ ਦੇ ਨਹੀਂ ਸਕਦਾ।

- ਪਹਿਲੀ ਵਾਰੀ ਹੀ ਠੀਕ ਫੈਸਲੇ ਕਰਨ ਦੀ ਕੋਸ਼ਿਸ਼ ਕਰੋ — ਹਰ ਵੇਲੇ ਮਨ ਬਦਲਣ ਨਾਲ ਤੁਹਾਡਾ ਖਰਚਾ ਵਧ ਸਕਦਾ ਹੈ।

- ਆਪਣੇ ਵਕੀਲ ਦੇ ਸਹਾਇਕਾਂ ਨੂੰ ਜਾਣੋ। ਜੇ ਸੈਕਟਰੀ, ਲੀਗਲ ਅਸਿਸਟੈਂਟ (ਕਲਰਕ), ਆਰਟੀਕਲਿੰਗ ਸਟੂਡੈਂਟ (ਵਿਦਿਆਰਥੀ) ਜਾਂ ਜੂਨੀਅਰ ਵਕੀਲ ਤੁਹਾਡੀ ਮਦਦ ਕਰ ਸਕਦਾ ਹੋਵੇ ਤਾਂ ਸੱਭ ਤੋਂ ਜ਼ਿਆਦਾ ਸੀਨੀਅਰ ਵਕੀਲ ਦੀ ਥਾਂ ਉਸ ਨਾਲ ਸੰਪਰਕ ਕਰੋ।

- ਇਹ ਜਾਣੋ ਕਿ ਕੀ ਤੁਹਾਡੀਆਂ ਆਸਾਂ ਵਾਜਬ ਹਨ। ਵਕੀਲ ਤੋਂ ਉਸ ਦੀ ਕਾਨੂੰਨੀ ਰਾਇ ਪੁੱਛੋ। ਆਪਣੀਆਂ ਚੋਣਾਂ ਅਤੇ ਬਦਲਵੇਂ ਤਰੀਕਿਆਂ ਬਾਰੇ ਪਤਾ ਲਾਉ। ਇਹ ਪੱਕਾ ਕਰੋ ਕਿ ਤੁਸੀਂ ਅਤੇ ਤੁਹਾਡਾ ਵਕੀਲ ਤੁਹਾਡੀਆਂ ਵਿਉਂਤਾਂ ਅਤੇ ਤਰਜੀਹਾਂ ਬਾਰੇ ਸਹਿਮਤ ਹੋ ਅਤੇ ਇਹ ਉਹ ਨਤੀਜੇ ਕੱਢਣ ਵਾਲੀਆਂ ਹੋਣ ਜਿਹੜੇ ਤੁਸੀਂ ਚਾਹੁੰਦੇ ਹੋ।

- ਸੱਭ ਤੋਂ ਵੱਧ ਇਹ ਕਿ ਅਸਲੀਅਤ ਵਿਚ ਯਕੀਨ ਰੱਖੋ। 500 ਡਾਲਰ ਹਾਸਲ ਕਰਨ ਲਈ 1,000 ਡਾਲਰ ਨਾ ਖਰਚੋ।

## ਜੇ ਤੁਸੀਂ ਅਤੇ ਤੁਹਾਡਾ ਵਕੀਲ ਫੀਸ ਬਾਰੇ ਅਸਿਹਮਤ ਹੋਵੋ

**ਪਹਿਲਾ ਕਦਮ:** ਜੇ ਤੁਸੀਂ ਆਪਣੇ ਬਿੱਲ ਉੱਤੇ ਲਿਖੀਆਂ ਕੁਝ ਚੀਜ਼ਾਂ ਸਮਝ ਨਾ ਸਕੋ ਜਾਂ ਜੇ ਤੁਸੀਂ ਰਕਮ ਨਾਲ ਸਹਿਮਤ ਨਾ ਹੋਵੋ ਤਾਂ ਪਹਿਲਾ ਕਦਮ ਇਸ ਬਾਰੇ ਆਪਣੇ ਵਕੀਲ ਨਾਲ ਗੱਲ ਕਰਨਾ ਹੈ। ਜੇ ਤੁਹਾਡਾ ਵਕੀਲ ਕਿਸੇ ਫਰਮ ਨਾਲ ਕੰਮ ਕਰਦਾ ਹੈ ਤਾਂ ਫਰਮ ਦੇ ਕਿਸੇ ਹੋਰ ਮੈਂਬਰ ਨਾਲ ਵੀ ਤੁਸੀਂ ਬਿੱਲ ਬਾਰੇ ਗੱਲ ਕਰ ਸਕਦੇ ਹੋ। ਵੇਰਵਿਆਂ ਦੀ ਛਾਣਬੀਣ ਕਰੋ ਅਤੇ ਆਪਣੇ ਵਕੀਲ ਨੂੰ ਕਹੋ ਕਿ ਉਹ ਤੁਹਾਨੂੰ ਇਹ ਦੱਸੇ ਕਿ ਕੋਈ ਖਾਸ ਖਰਚ ਕਿਉਂ ਲਿਆ ਗਿਆ ਹੈ।

**ਫੀਸ ਉੱਤੇ ਨਜ਼ਰਸਾਨੀ:** ਜੇ ਤੁਸੀਂ ਅਤੇ ਤੁਹਾਡਾ ਵਕੀਲ ਆਪਣੇ ਮਤਭੇਦ ਹੱਲ ਨਾ ਕਰ ਸਕੋ ਤਾਂ ਤੁਹਾਨੂੰ ਇਹ ਹੱਕ ਹੈ ਕਿ ਤੁਸੀਂ ਬੀ ਸੀ ਸੁਪਰੀਮ ਕੋਰਟ ਦੇ ਰਜਿਸਟਰਾਰ ਤੋਂ ਆਪਣੇ ਬਿੱਲ ਦੀ ਨਜ਼ਰਸਾਨੀ (ਰਿਵੀਊ) ਕਰਵਾ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ, ਆਪਣੇ ਨੇੜੇ ਦੀ ਸੁਪਰੀਮ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ ਜਾਂ *www.courts.gov.bc.ca/sc ("Legal Profession Act Review Process" ਤੇ ਕਲਿੱਕ ਕਰੋ.)* ਉੱਤੇ ਕੋਰਟ ਦਾ ਵੈੱਬਸਾਈਟ ਦੇਖੋ। ਆਮ ਤੌਰ ਉੱਤੇ ਤੁਹਾਡੇ ਬਿੱਲ ਉੱਤੇ ਨਜ਼ਰਸਾਨੀ, ਬਿੱਲ ਦਾ ਭੁਗਤਾਨ ਹੋਣ ਤੋਂ ਬਾਅਦ ਤਿੰਨ ਮਹੀਨਿਆਂ ਦੇ ਸਮੇਂ ਦੇ ਵਿਚ ਵਿਚ ਜ਼ਰੂਰ ਹੋਣੀ ਚਾਹੀਦੀ ਹੈ ਅਤੇ ਜੇ ਬਿੱਲ ਨਹੀਂ ਦਿੱਤਾ ਗਿਆ ਤਾਂ ਬਿੱਲ ਤੁਹਾਨੂੰ ਭੇਜਣ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ ਅਜਿਹਾ ਜ਼ਰੂਰ ਹੋਣਾ ਚਾਹੀਦਾ ਹੈ। ਕੌਨਟਿਨਜੈਂਸੀ ਫੀਸ ਦੇ ਇਕਰਾਰਨਾਮੇ ਉੱਤੇ ਵੀ ਇਕਰਾਰਨਾਮਾ ਹੋਣ ਜਾਂ ਖਤਮ ਹੋਣ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਨਜ਼ਰਸਾਨੀ ਹੋ ਸਕਦੀ ਹੈ।

**ਫੀਸ ਬਾਰੇ ਵਿਚੋਲਗੀ:** ਲਾਅ ਸੁਸਾਇਟੀ ਫੀਸ ਬਾਰੇ ਵਿਚੋਲਗੀ ਕਰਨ ਦੀ ਇਕ ਸਾਦਾ ਸਰਵਿਸ ਦੀ ਪੇਸ਼ਕਸ਼ ਕਰਦੀ ਹੈ ਜੇ ਤੁਸੀਂ ਅਤੇ ਤੁਹਾਡਾ ਵਕੀਲ ਇਸ ਨੂੰ ਢੁਕਵੀਂ ਸਮਝਦੇ ਹੋਵੋ। ਇਸ ਪ੍ਰੋਗਰਾਮ ਅਧੀਨ, ਇਕ ਨਿਰਪੱਖ ਵਿਚੋਲਾ (ਮੀਡੀਏਟਰ), ਵਕੀਲ ਅਤੇ ਗਾਹਕ ਦੋਨਾਂ ਨੂੰ ਮਨਜ਼ੂਰ ਹੱਲ ਲੱਭਣ ਵਿਚ ਸਹਾਇਤਾ ਕਰੇਗਾ। ਜੇ ਤੁਸੀਂ ਕਿਸੇ ਸਮਝੌਤੇ ਉੱਤੇ ਨਾ ਪਹੁੰਚ ਸਕੋ ਤਾਂ ਤੁਸੀਂ ਫੀਸ ਉੱਤੇ ਨਜ਼ਰਸਾਨੀ ਕਰਨ ਲਈ ਅਪਲਾਈ ਕਰ ਸਕਦੇ ਹੋ ਪਰ ਇਸ ਲਈ ਅਪਲਾਈ ਕਰਨ ਦੀ ਸਮਾਂ-ਸੀਮਾ ਲੰਘੀ ਨਹੀਂ ਹੋਣੀ ਚਾਹੀਦੀ। ਫੀਸ ਬਾਰੇ ਵਿਚੋਲਗੀ ਦੀ ਹਰ ਪਾਰਟੀ ਨੂੰ 25 ਡਾਲਰ ਫੀਸ ਦੇਣੀ ਪੈਂਦੀ ਹੈ।

ਬ੍ਰਿਟਿਸ਼ ਕੋਲੰਬੀਆ ਵਿਚਲੇ ਵਕੀਲਾਂ ਲਈ ਲਾਅ ਸੁਸਾਇਟੀ ਆਫ ਬੀ ਸੀ ਦੇ ਮੈਂਬਰ ਹੋਣਾ ਜ਼ਰੂਰੀ ਹੈ, ਜਿਹੜੀ ਕਿ 1869 ਵਿਚ ਕਾਇਮ ਕੀਤੀ ਗਈ ਇਕ ਆਜ਼ਾਦ ਸੰਸਥਾ ਹੈ ਅਤੇ ਇਹ ਇਸ ਕਿੱਤੇ ਦੇ ਸਾਰੇ ਮੈਂਬਰਾਂ ਵਲੋਂ ਦਿੱਤੀਆਂ ਫੀਸਾਂ ਨਾਲ ਚੱਲਦੀ ਹੈ। ਲੀਗਲ ਪ੍ਰੋਫੈਸ਼ਨ (ਕਾਨੂੰਨੀ ਕਿੱਤਾ) ਐਕਟ ਅਧੀਨ ਸੁਸਾਇਟੀ ਦਾ ਮੁਢਲਾ ਕੰਮ, ਨਿਆਂ ਦੇ ਲਾਗੂ ਹੋਣ ਵਿਚ ਲੋਕਾਂ ਦੇ ਹੱਕਾਂ ਨੂੰ ਬਚਾਉਣਾ ਹੈ। ਆਪਣੇ ਨਿਯਮਬੱਧ ਫਰਜ਼ ਪੂਰੇ ਕਰਦੀ ਹੋਈ, ਸੁਸਾਇਟੀ ਬੀ ਸੀ ਵਿਚ 10,000 ਤੋਂ ਵੀ ਜ਼ਿਆਦਾ ਵਕੀਲਾਂ ਦੇ ਲਾਇਸੰਸਾਂ, ਪੇਸ਼ਾਵਰ ਚਾਲ-ਚਲਣ ਅਤੇ ਅਨੁਸਾਸ਼ਨ ਲਈ ਜ਼ਿੰਮੇਵਾਰ ਹੈ।

The Law Society
of British Columbia

845 Cambie Street
Vancouver, British Columbia
Canada V6B 4Z9

ਟੈਲੀਫੋਨ: (604) 669-2533
ਫੈਕਸ: (604) 669-5232
ਬੀ.ਸੀ. ਵਿਚ ਮੁਫ਼ਤ ਲਾਈਨ: 1-800-903-5300
ਟੀ ਟੀ ਵਾਈ: (604) 443-5700
www.lawsociety.bc.ca

**ਆਪਣੇ ਵਕੀਲ ਦੀਆਂ ਫੀਸਾਂ ਨੂੰ ਸਮਝਣਾ**
(Punjabi Version) June 2004

# ਆਪਣੇ ਵਕੀਲ ਦੀਆਂ ਫੀਸਾਂ ਨੂੰ ਸਮਝਣਾ

The Law Society
of British Columbia

ਹਰ ਕਾਨੂੰਨੀ ਸਲਾਹ-ਮਸ਼ਵਰਾ ਵੱਖਰਾ ਹੁੰਦਾ ਹੈ ਅਤੇ ਇਹ ਭਵਿੱਖਬਾਣੀ ਕਰਨਾ ਔਖਾ ਹੈ ਕਿ ਵਕੀਲ ਕਰਨ ਦਾ ਤੁਹਾਨੂੰ ਕਿੰਨਾ ਖਰਚਾ ਦੇਣਾ ਪਵੇਗਾ। ਤੁਹਾਨੂੰ ਅਤੇ ਤੁਹਾਡੇ ਵਕੀਲ ਨੂੰ ਪਹਿਲੀ ਵਾਰ ਮਿਲਣ ਵੇਲੇ ਫੀਸਾਂ ਬਾਰੇ ਗੱਲ ਕਰਨੀ ਚਾਹੀਦੀ ਹੈ।

## ਫੀਸਾਂ ਦੇ ਇਕਰਾਰਨਾਮਿਆਂ ਦੀਆਂ ਆਮ ਕਿਸਮਾਂ

ਵਕੀਲਾਂ ਲਈ ਫੀਸਾਂ, ਹੋਰ ਪੇਸ਼ਾਵਰ ਸਲਾਹਕਾਰਾਂ ਵਾਂਗ ਹੀ ਮਾਰਕੀਟ ਦਾ ਮਸਲਾ ਹੈ। ਕਾਨੂੰਨੀ ਸੇਵਾਵਾਂ ਲਈ ਕੋਈ ਪੱਕੀ ਫੀਸ ਨਿਸ਼ਚਤ ਨਹੀਂ ਹੈ ਅਤੇ ਲਾਅ ਸੁਸਾਇਟੀ ਦਾ ਨਿੱਜੀ ਸੱਟਾਂ ਦੇ ਕੇਸਾਂ ਵਿਚ ਕੌਨਟਿਨਜੈਂਸੀ (ਸ਼ਰਤੀਆ) ਫੀਸਾਂ ਲਈ ਵੱਧ ਤੋਂ ਵੱਧ ਫੀਸਦੀ ਤਹਿ ਕਰਨ ਤੋਂ ਬਿਨਾਂ ਇਸ ਚੀਜ਼ ਉੱਤੇ ਕੋਈ ਅਧਿਕਾਰ ਨਹੀਂ ਹੈ ਕਿ ਵਕੀਲ ਕਿੰਨੀ ਰਕਮ ਲੈਂਦੇ ਹਨ।

ਤੁਹਾਡੀ ਫਾਇਲ ਉੱਤੇ ਕੰਮ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਡਾ ਵਕੀਲ ਫੀਸ ਦਾ ਇਕ ਇਕਰਾਰਨਾਮਾ ਤਿਆਰ ਕਰ ਸਕਦਾ ਹੈ ਜਿਸ ਵਿਚ ਇਹ ਲਿਖਿਆ ਹੁੰਦਾ ਹੈ ਕਿ ਸੇਵਾਵਾਂ ਦੇ ਬਿੱਲ ਤੁਹਾਨੂੰ ਕਿਵੇਂ ਦਿੱਤੇ ਜਾਣਗੇ। ਆਪਣੀਆਂ ਸੇਵਾਵਾਂ ਲਈ ਵਕੀਲਾਂ ਵਲੋਂ ਬਿੱਲ ਦੇਣ ਦੇ ਕੁਝ ਆਮ ਪ੍ਰਚਲਤ ਤਰੀਕੇ ਇਹ ਹਨ:

**ਪੱਕੀ ਫੀਸ:** ਕੁਝ ਸੇਵਾਵਾਂ ਲਈ, ਕੋਈ ਵਕੀਲ ਪੱਕੀ ਫੀਸ ਦੱਸ ਸਕਦਾ ਹੈ ਜਿਸ ਵਿਚ ਵਕੀਲ ਦਾ ਸਾਰਾ ਕੰਮ ਸ਼ਾਮਲ ਹੋ ਸਕਦਾ ਹੈ ਭਾਵੇਂ ਇਸ ਲਈ ਕਿੰਨਾ ਵੀ ਸਮਾਂ ਲੱਗੇ। ਫੀਸਾਂ ਦਾ ਇਹ ਤਰੀਕਾ ਅਕਸਰ ਕਾਰੋਬਾਰੀ ਕੰਪਨੀ ਬਣਾਉਣ ਜਾਂ ਘਰ ਖਰੀਦਣ ਵਰਗੇ ਖਾਸ ਕਾਰ-ਵਿਹਾਰਾਂ ਲਈ ਵਰਤਿਆ ਜਾਂਦਾ ਹੈ। ਕੁਝ ਵਕੀਲ ਖਾਸ ਕਿਸਮ ਦੇ ਕੰਮਾਂ ਲਈ ਅਦਾਲਤ ਵਿਚ ਜਾਣ ਦੀ ਪੱਕੀ ਫੀਸ ਲੈਂਦੇ ਹਨ ਜਿਵੇਂ ਕਿਸੇ ਨਿੱਕੇ-ਮੋਟੇ ਫੌਜਦਾਰੀ ਕੇਸ ਵਿਚ ਗਾਹਕ ਦਾ ਸਫਾਈ ਵਕੀਲ ਬਣਨਾ।

**ਘੰਟਿਆਂ ਦਾ ਰੇਟ:** ਘੰਟਿਆਂ ਦੇ ਰੇਟ ਮੁਤਾਬਕ ਫੀਸ ਦੇ ਇਕਰਾਰਨਾਮੇ ਅਧੀਨ, ਤੁਹਾਡਾ ਵਕੀਲ ਤੁਹਾਡੇ ਲਈ ਕੰਮ ਕਰਨ ਉੱਤੇ ਲਾਏ ਘੰਟਿਆਂ ਦੀ ਰਕਮ ਦਾ ਬਿੱਲ ਦੇਵੇਗਾ। ਇਸ ਵਿਚ ਫੋਨ ਉੱਤੇ, ਮੀਟਿੰਗਾਂ ਵਿਚ, ਖੋਜ ਕਰਦਿਆਂ, ਪੇਪਰ ਤਿਆਰ ਕਰਦਿਆਂ, ਚਿੱਠੀ ਪੱਤਰ ਪੜ੍ਹਦਿਆਂ, ਅਦਾਲਤ ਵਿਚ ਪੇਸ਼ ਹੁੰਦਿਆਂ ਅਤੇ ਤੁਹਾਡੀ ਫਾਇਲ ਨਾਲ ਸਬੰਧਿਤ ਕਿਸੇ ਵੀ ਹੋਰ ਚੀਜ਼ ਉੱਤੇ ਲਾਇਆ ਸਮਾਂ ਸ਼ਾਮਲ ਹਨ। ਘੰਟਿਆਂ ਦਾ ਰੇਟ ਆਮ ਤੌਰ ਉੱਤੇ ਵਕੀਲ ਦੇ ਹੁਨਰ ਅਤੇ ਤਜਰਬੇ ਦੇ ਹਿਸਾਬ ਨਾਲ ਹੁੰਦਾ ਹੈ - ਪੁਰਾਣੇ ਵਕੀਲ ਉਨ੍ਹਾਂ ਵਕੀਲਾਂ ਨਾਲੋਂ ਘੰਟੇ ਦੇ ਜ਼ਿਆਦਾ ਪੈਸੇ ਲੈਂਦੇ ਹਨ ਜਿਨ੍ਹਾਂ ਨੇ ਅਜੇ ਪ੍ਰੈਕਟਿਸ ਸ਼ੁਰੂ ਹੀ ਕੀਤੀ ਹੈ।

ਕੁਝ ਵਕੀਲ ਘੰਟੇ ਦੇ ਵੱਖਰੇ ਰੇਟ ਚਾਰਜ ਕਰ ਸਕਦੇ ਹਨ ਜੋ ਕਿ ਇਸ ਚੀਜ਼ ਉੱਤੇ ਨਿਰਭਰ ਕਰਦਾ ਹੈ ਕਿ ਉਹ ਤੁਹਾਡੇ ਲਈ ਕਿਸ ਤਰ੍ਹਾਂ ਦਾ ਕਾਨੂੰਨੀ ਕੰਮ ਕਰ ਰਹੇ ਹਨ। ਕਦੇ ਕਦੇ ਕੋਈ ਸੀਨੀਅਰ ਵਕੀਲ ਕਰਨਾ ਸੂਝ ਵਾਲੀ ਗੱਲ ਹੁੰਦੀ ਹੈ ਕਿਉਂਕਿ ਉਹ ਤੁਹਾਡੇ ਕਾਨੂੰਨੀ ਮਸਲੇ ਫੁਰਤੀ ਨਾਲ ਨਜਿੱਠਣ ਦੇ ਯੋਗ ਹੁੰਦਾ ਹੈ ਅਤੇ ਇਸ ਤਰ੍ਹਾਂ ਖਰਚ ਘੱਟ ਆਉਂਦਾ ਹੈ। ਹੋਰ ਹਾਲਤਾਂ ਵਿਚ - ਉਦਾਹਰਣ ਵਜੋਂ, ਆਮ ਖੋਜ ਕਰਨ ਲਈ - ਤੁਹਾਡੀ ਫਾਇਲ ਉੱਤੇ ਕੋਈ ਜੂਨੀਅਰ ਵਕੀਲ ਹੋਣਾ ਬਿਹਤਰ ਹੈ ਕਿਉਂਕਿ ਉਸ ਦਾ ਘੰਟਿਆਂ ਦਾ ਰੇਟ ਘੱਟ ਹੁੰਦਾ ਹੈ।

**ਕੌਨਟਿਨਜੈਂਸੀ ਫੀਸ:** ਕੌਨਟਿਨਜੈਂਸੀ (ਸ਼ਰਤੀਆ) ਫੀਸ ਦੇ ਇਕਰਾਰਨਾਮੇ ਵਿਚ, ਵਕੀਲ ਗਾਹਕ ਲਈ ਕੰਮ ਕਰਦਾ ਹੈ ਅਤੇ ਬਦਲੇ ਵਿਚ ਗਾਹਕ ਲਈ ਜਿੱਤੇ ਗਏ ਕੇਸ ਵਿਚ ਮਿਲੇ ਪੈਸਿਆਂ ਵਿਚੋਂ ਨਿਸ਼ਚਤ ਫੀਸਦੀ ਲੈਂਦਾ ਹੈ। ਜੇ ਕੋਈ ਪੈਸਾ ਨਹੀਂ ਮਿਲਦਾ ਤਾਂ ਵਕੀਲ ਨੂੰ ਕੋਈ ਫੀਸ ਨਹੀਂ ਮਿਲਦੀ। ਕੌਨਟਿਨਜੈਂਸੀ ਫੀਸ ਦੇ ਇਕਰਾਰਨਾਮੇ, ਨਿੱਜੀ ਸੱਟਾਂ ਦੇ ਕਲੇਮਾਂ, ਵਸਤਾਂ ਦੀ ਜ਼ਿੰਮੇਵਾਰੀ ਦੇ ਕੇਸਾਂ ਅਤੇ ਕਲਾਸ ਐਕਸ਼ਨਾਂ ਲਈ ਆਮ ਵਰਤੇ ਜਾਂਦੇ ਹਨ।

ਕੌਨਟਿਨਜੈਂਸੀ ਫੀਸ ਦਾ ਇਕਰਾਰਨਾਮਾ ਲਿਖਤੀ ਰੂਪ ਵਿਚ ਹੋਣਾ ਜ਼ਰੂਰੀ ਹੈ। ਕੌਨਟਿਨਜੈਂਸੀ ਫੀਸਾਂ ਦੀ ਪਰਿਵਾਰਕ ਕਾਨੂੰਨ ਦੇ ਕੇਸਾਂ ਲਈ ਆਗਿਆ ਨਹੀਂ ਹੈ ਜਿਸ ਵਿਚ ਬੱਚੇ ਦੀ ਸੰਭਾਲ (ਕਸਟੱਡੀ) ਜਾਂ ਉਸ ਤੱਕ ਪਹੁੰਚ ਸ਼ਾਮਲ ਹੁੰਦੇ ਹਨ। ਉਨ੍ਹਾਂ ਨੂੰ ਪਰਿਵਾਰਕ ਕਾਨੂੰਨ ਦੇ ਕੇਸਾਂ ਦੀਆਂ ਹੋਰ ਕਿਸਮਾਂ ਲਈ ਆਗਿਆ ਹੈ ਪਰ ਇਸ ਲਈ ਅਦਾਲਤ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ।

ਨਿੱਜੀ ਸੱਟਾਂ ਜਾਂ ਕਿਸੇ ਹੋਰ ਦੀ ਗਲਤੀ ਨਾਲ ਮੋਟਰ-ਗੱਡੀ ਦੇ ਐਕਸੀਡੈਂਟ ਕਾਰਨ ਹੋਈ ਮੌਤ ਦੇ ਕਲੇਮ ਵਿਚ ਮਿਲੀ ਰਕਮ ਵਿਚੋਂ ਕੌਨਟਿਨਜੈਂਸੀ ਫੀਸ ਵੱਧ ਤੋਂ ਵੱਧ ਇਕ-ਤਿਹਾਈ ਹੀ ਹੋ ਸਕਦੀ ਹੈ। ਨਿੱਜੀ ਸੱਟਾਂ ਜਾਂ ਕਿਸੇ ਹੋਰ ਦੀ ਗਲਤੀ ਕਾਰਨ ਹੋਈ ਮੌਤ ਦੇ ਬਾਕੀ ਸਾਰੇ ਕੇਸਾਂ ਵਿਚ ਮਿਲੀ ਰਕਮ ਵਿਚੋਂ ਇਹ ਫੀਸ ਵੱਧ ਤੋਂ ਵੱਧ 40 ਫੀਸਦੀ ਹੀ ਹੋ ਸਕਦੀ ਹੈ।

ਨਿੱਜੀ ਸੱਟਾਂ ਜਾਂ ਕਿਸੇ ਹੋਰ ਦੀ ਗਲਤੀ ਕਾਰਨ ਹੋਈ ਮੌਤ ਤੋਂ ਬਿਨਾਂ ਬਾਕੀ ਕੇਸਾਂ ਵਿਚ ਕੌਨਟਿਨਜੈਂਸੀ ਫੀਸਾਂ ਦੀ ਕੋਈ ਵੱਧ ਤੋਂ ਵੱਧ ਸੀਮਾ ਨਹੀਂ ਹੈ। ਕਲੇਮ ਦੀ ਰਕਮ, ਕੇਸ ਜਿੱਤਣ ਜਾਂ ਹਾਰਨ ਦੀ ਸੰਭਾਵਨਾ ਦੇ ਪੱਧਰ ਅਤੇ ਕੇਸ ਕਿਸ ਪੜਾ ਉੱਤੇ ਹੱਲ ਹੋਣਾ ਹੈ, ਦੇ ਮੁਤਾਬਕ ਵਕੀਲਾਂ ਦੀ ਕੌਨਟਿਨਜੈਂਸੀ ਫੀਸ ਵੱਖ ਵੱਖ ਹੁੰਦੀ ਹੈ।

ਕੌਨਟਿਨਜੈਂਸੀ ਫੀਸ ਦੇ ਬਹੁਤੇ ਇਕਰਾਰਨਾਮਿਆਂ ਵਿਚ ਗਾਹਕ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਡਾਕਟਰੀ ਰਿਪੋਰਟਾਂ, ਕੋਰਟ ਵਿਚ ਕੇਸ ਫਾਇਲ ਕਰਨ ਦੀਆਂ ਫੀਸਾਂ ਅਤੇ ਫੋਟੋਕਾਪੀਆਂ ਵਰਗੇ ਸਾਰੇ ਖਰਚਿਆਂ ਦਾ ਭੁਗਤਾਨ ਕਰੇ, ਭਾਵੇਂ ਕੇਸ ਦਾ ਨਤੀਜਾ ਕੋਈ ਵੀ ਨਿਕਲੇ।

## ਪੇਸ਼ਗੀ ਫੀਸਾਂ, ਹੋਰ ਖਰਚੇ ਅਤੇ ਟੈਕਸ

**ਪੇਸ਼ਗੀ ਫੀਸ:** ਪੇਸ਼ਗੀ ਫੀਸ (ਰੀਟੇਨਰ) ਉਹ ਰਕਮ ਹੈ ਜਿਹੜੀ ਤੁਸੀਂ ਆਪਣੇ ਵਕੀਲ ਨੂੰ ਉਸ ਵਲੋਂ ਤੁਹਾਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਤੁਹਾਡੀ ਤਰਫੋਂ ਵਕੀਲ ਵਲੋਂ ਕੀਤੇ ਜਾਣ ਵਾਲੇ ਖਰਚਿਆਂ ਲਈ ਡਿਪਾਜ਼ਿਟ ਵਜੋਂ ਦਿੰਦੇ ਹੋ। ਤੁਹਾਡਾ ਵਕੀਲ ਹਿਸਾਬ-ਕਿਤਾਬ ਦਾ ਵੇਰਵਾ ਤੁਹਾਨੂੰ ਦੇਵੇਗਾ ਜਿਹੜਾ ਕਿ ਤੁਹਾਡੀ ਪੇਸ਼ਗੀ ਫੀਸ ਵਿਚੋਂ ਦਿੱਤਾ ਜਾਵੇਗਾ।

**ਹੋਰ ਖਰਚੇ:** ਹੋਰ ਖਰਚੇ (ਡਿਸਬਰਸਮੈਂਟਸ), ਸਰਕਾਰੀ ਫੀਸਾਂ, ਅਦਾਲਤ ਵਿਚ ਕੇਸ ਫਾਇਲ ਕਰਨ ਦੀਆਂ ਫੀਸਾਂ, ਕੋਰੀਅਰ ਦੇ ਖਰਚੇ, ਫੋਟੋਕਾਪੀਆਂ ਦੇ ਖਰਚੇ ਜਾਂ ਡਾਕਟਰਾਂ ਜਾਂ ਇੰਜਨੀਅਰਾਂ ਵਰਗੇ ਲੋਕਾਂ ਤੋਂ ਲਈਆਂ ਮਾਹਰ ਰਿਪੋਰਟਾਂ ਲਈ ਦਿੱਤੀਆਂ ਫੀਸਾਂ ਹਨ। ਇਨ੍ਹਾਂ ਖਰਚਿਆਂ ਲਈ ਤੁਸੀਂ ਜ਼ਿੰਮੇਵਾਰ ਹੋ ਅਤੇ ਇਹ ਖਰਚੇ ਤੁਹਾਡੇ ਕਾਨੂੰਨੀ ਬਿੱਲ ਵਿਚ ਸ਼ਾਮਲ ਕੀਤੇ ਜਾਣਗੇ।

**ਟੈਕਸ:** ਵਕੀਲਾਂ ਨੂੰ ਸਾਰੀਆਂ ਫੀਸਾਂ ਅਤੇ ਬਹੁਤੇ ਖਰਚਿਆਂ ਉੱਤੇ ਪੀ ਐੱਸ ਟੀ ਅਤੇ ਜੀ ਐੱਸ ਟੀ ਲੈਣੀ ਪੈਂਦੀ ਹੈ।